ਬਾਗਬਾਨੀ ਵਿਭਾਗ ਪੰਜਾਬ ਦਾ
ਮਾਸਿਕ ਡਿਜ਼ੀਟਲ ਬੁਲੇਟਿਨ

# ਬਾਗਬਾਨੀ ਸੰਦੇਸ਼

ਮਹੀਨਾ : ਜਨਵਰੀ 2026 ਅੰਕ : 36

**ਸੰਪਾਦਕ : ਜਸਪਾਲ ਸਿੰਘ ਢਿਲੋਂ, ਸਹਾਇਕ ਡਾਇਰੈਕਟਰ ਬਾਗਬਾਨੀ,**
**ਸਹਿ ਸੰਪਾਦਕ : ਨਵਜੋਤ ਕੌਰ ਬਾਗਬਾਨੀ ਵਿਕਾਸ ਅਫ਼ਸਰ**




## ਪ੍ਰੇਰਨਾ

ਬਾਗਬਾਨੀ ਵਿਭਾਗ ਵੱਲੋਂ ਰਾਜ ਭਰ ਦੇ ਕਿਸਾਨਾਂ ਅਤੇ ਸਟਾਫ ਨੂੰ ਨਵੇਂ ਸਾਲ 2026 ਦੀਆਂ ਹਾਰਦਿਕ ਮੁਬਾਰਕਾਂ। ਇਸ ਸਾਲ ਦੌਰਾਨ ਬਾਗਬਾਨੀ ਵਿਭਾਗ ਕਿਸਾਨਾਂ ਦੀ ਆਰਥਿਕ ਸਥਿਤੀ ਵਿੱਚ ਸੁਧਾਰ ਲਿਆਉਣ ਲਈ ਨਵੀਆਂ ਯੋਜਨਾਵਾਂ ਲੈ ਕੇ ਆ ਰਿਹਾ ਹੈ। ਸਾਲ 2026 ਪੋਸ਼ਣ ਸੁਰੱਖਿਆ ਦੇ ਨਾਲ-ਨਾਲ ਫਸਲੀ ਵਿਭਿੰਨਤਾ ਦਾ ਸਾਲ ਹੋਵੇਗਾ। ਇਸ ਸਾਲ ਦੌਰਾਨ ਪੰਜਾਬ ਵਿੱਚ ਫੁੱਲਾਂ ਦੇ ਬੀਜ ਉਤਪਾਦਨ ਦੇ ਰੂਪ ਵਿੱਚ ਬਾਗਬਾਨਾਂ ਨੂੰ ਵਿਸ਼ੇਸ਼ ਸਹਾਇਤਾ, ਨਵੇਂ ਬਾਗ ਲਗਾਉਣ ਵਾਲੇ ਕਿਸਾਨਾਂ ਨੂੰ ਮਿਆਰੀ ਫਲਦਾਰ ਬੂਟੇ ਮੁਹੱਈਆ ਕਰਾਉਣ, ਇੱਕ ਸਥਾਨ ਤੋਂ ਮਿੱਟੀ ਪਰਖ, ਕੀੜੇ ਅਤੇ ਬੀਮਾਰੀਆਂ ਦੇ ਨਿਰੀਖਣ ਲਈ ਕੇਂਦਰ, ਸਮੂਹਿਕ ਬਾਗਬਾਨੀ ਸੰਦ ਸੈਂਟਰ, ਵਰਮੀਕੰਪੋਸਟ ਯੂਨਿਟ ਆਦਿ ਵਿੱਚ ਵਿਸ਼ੇਸ਼ ਧਿਆਨ ਦਿੱਤਾ ਜਾਵੇਗਾ। ਬਾਗਬਾਨੀ ਵਿਭਾਗ ਪੰਜਾਬ " ਕਿਸਾਨ ਦਾ ਵਿਕਾਸ ਬਾਗਬਾਨੀ ਨਾਲ" ਦੇ ਮੰਤਵ ਦੀ ਪੂਰਤੀ ਲਈ ਕੁਦਰਤੀ ਸੋਮਿਆਂ ਦੀ ਸੰਭਾਲ ਅਤੇ ਪਾਣੀ ਦੀ ਬੱਚਤ ਦੇ ਉਪਰਾਲਿਆਂ ਨੂੰ ਉਤਸ਼ਾਹਿਤ ਕਰਦੇ ਹੋਏ ਕਿਸਾਨੀ ਦੀ ਦਸ਼ਾ ਸੁਧਾਰਨ ਲਈ ਵਚਨਬੱਧ ਹੈ।


ਆਓ ਸਾਰੇ ਇਸ ਨਵੇਂ ਸਾਲ ਵਿੱਚ ਅਹਿਦ ਕਰੀਏ ਕਿ ਅਸੀਂ ਸਾਰੇ ਹੰਭਲਾ ਮਾਰ ਕੇ ਆਪਣੇ ਸਰਕਲ ਦੇ ਕਿਸਾਨਾਂ ਨਾਲ ਬਿਹਤਰ ਤਾਲਮੇਲ ਬਣਾ ਕੇ ਪੰਜਾਬ ਸਰਕਾਰ ਦੇ ਉਪਰੋਕਤ ਪ੍ਰੋਗਰਾਮਾਂ ਨੂੰ ਸਫਲ ਕਰੀਏ ਅਤੇ ਕਿਸਾਨੀ ਨੂੰ ਆਰਥਿਕ ਪੱਖੋਂ ਮਜਬੂਤ ਬਣਾਈਏ। ਆਸ ਹੈ ਕਿ ਪਰਮਾਤਮਾ ਜੀ ਦੀ ਕਿਰਪਾ ਸਦਕਾ ਬਾਗਬਾਨੀ ਵਿਭਾਗ ਆਪਣੇ ਇਸ ਟੀਚੇ ਨੂੰ ਪੂਰਾ ਕਰਨ ਵਿੱਚ ਸਫਲ ਹੋਵੇਗਾ।

**ਸ਼ੈਲਿੰਦਰ ਕੌਰ**
**ਆਈ.ਐਫ.ਐਸ.**
**ਡਾਇਰੈਕਟਰ ਬਾਗਬਾਨੀ, ਪੰਜਾਬ**


ਤੁਹਾਨੂੰ ਅਤੇ ਤੁਹਾਡੇ ਪਰਿਵਾਰ ਨੂੰ ਨਵੇਂ ਸਾਲ ਦੀਆਂ ਬਹੁਤ-ਬਹੁਤ ਮੁਬਾਰਕਾਂ ਵਾਹਿਗੁਰੂ ਜੀ ਦੇ ਅੱਗੇ ਇਹੀ ਅਰਦਾਸ ਕਰਦੇ ਹਾਂ ਕਿ ਨਵਾਂ ਸਾਲ ਖੁਸ਼ਹਾਲੀ, ਤਰੱਕੀਆਂ, ਬਰਕਤਾਂ ਅਤੇ ਖੁਸ਼ਖਬਰੀਆਂ ਦੇ ਨਾਲ ਸਾਰਿਆਂ ਦੀ ਜ਼ਿੰਦਗੀ ਨੂੰ ਰੌਸ਼ਨ ਕਰੇ।




# ਬਾਗਬਾਨੀ ਸਰਗਰਮੀਆਂ


ਰਿਪੋਰਟ ਕਾਰਡ
2025
ਬਾਗ਼ਬਾਨੀ 'ਚ ਵੱਡੀਆਂ ਮੱਲਾਂ
ਮਾਰ ਰਿਹਾ ਪੰਜਾਬ
AIF ਤਹਿਤ 30,000+ ਪ੍ਰੋਜੈਕਟ | ₹7100 ਕਰੋੜ ਮਨਜ਼ੂਰ
ਬਾਗ਼ਬਾਨੀ ਹੇਠ ਰਕਬਾ: 5,21,000 ਹੈਕਟੇਅਰ
ਫ਼ਸਲੀ ਵਿਭਿੰਨਤਾ ਲਈ ਅਤਿ-ਆਧੁਨਿਕ ਕੇਂਦਰ, ਲਾਡੋਵਾਲ
'ਆਪਣਾ ਪਿੰਡ-ਆਪਣਾ ਬਾਗ਼' ਮੁਹਿੰਮ ਸ਼ੁਰੂ
ਪੰਚਾਇਤੀ ਜ਼ਮੀਨਾਂ 'ਤੇ ਫ਼ਲਦਾਰ ਬਾਗ਼
ਰਾਸ਼ਟਰੀ ਬਾਗ਼ਬਾਨੀ ਮਿਸ਼ਨ: ₹1575 ਲੱਖ ਸਹਾਇਤਾ
ਫੁੱਲਾਂ ਦੀ ਕਾਸ਼ਤ: ₹17.40 ਲੱਖ ਸਬਸਿਡੀ
ਪੋਸਟ ਹਾਰਵੈਸਟ ਸਹਾਇਤਾ: ₹23.26 ਲੱਖ
ਖੁੰਬ ਯੂਨਿਟ: ₹54.66 ਲੱਖ ਮਦਦ
ਪੋਲੀ-ਹਾਊਸ ਕਵਰ: ₹140.51 ਲੱਖ ਸਬਸਿਡੀ
ਡਰਿੱਪ ਸਿੰਚਾਈ ਇਨਸੈਂਟਿਵ: ₹47.56 ਲੱਖ
ਹੜ੍ਹ ਪੀੜਤ ਸਬਜ਼ੀ ਕਿਸਾਨਾਂ ਲਈ 40% ਸਬਸਿਡੀ
ਬਾਗ਼ਬਾਨੀ 'ਚ ਪੰਜਾਬ ਨੰਬਰ - 1


ਬਾਗ਼ਬਾਨੀ ਖ਼ੇਤਰ
ਵਿੱਚ ਮਾਨ ਸਰਕਾਰ ਦਾ
ਇਤਿਹਾਸਕ
ਕਦਮ
ਲਾਡੋਵਾਲ ਵਿਖੇ ਉੱਨਤ ਬਾਗ਼ਬਾਨੀ ਤਕਨਾਲੋਜੀ ਵਿਕਾਸ ਕੇਂਦਰ ਹੋਵੇਗਾ ਸਥਾਪਿਤ
ਪੰਜਾਬ ਭਰ ਦੇ ਕਿਸਾਨਾਂ ਲਈ ਇੱਕ-ਸਟਾਪ ਗਿਆਨ ਕੇਂਦਰ ਵਜੋਂ ਕਰੇਗਾ ਕੰਮ
ਕਿਸਾਨਾਂ ਨੂੰ ਵੱਡੇ ਪੱਧਰ 'ਤੇ ਬਾਗ਼ਬਾਨੀ ਅਪਣਾਉਣ ਲਈ ਵੀ ਪ੍ਰੇਰਿਤ ਕਰੇਗਾ ਕੇਂਦਰ
ਕਿਸਾਨ ਭਰਾਵਾਂ ਨੂੰ ਰਿਵਾਇਤੀ ਫ਼ਸਲਾਂ ਛੱਡ ਕੇ ਬਾਗ਼ਬਾਨੀ ਵੱਲ ਰੁਖ਼ ਕਰਨ ਦੀ ਕੀਤੀ ਅਪੀਲ
TOPCON
mohinderbhagat
Mohinder Bhagat
Mohinder Bhagat


ਨਵੇਂ ਬਾਗ ਲਗਾਉਣ ਲਈ
ਸੂਬੇ ਦੇ ਕਿਸਾਨ 40 ਫ਼ੀਸਦ ਤੱਕ ਦੀ ਸਬਸਿਡੀ ਪ੍ਰਾਪਤ ਕਰ ਸਕਦੇ ਹਨ
ਪੰਜਾਬ ਸਰਕਾਰ ਕਿਸਾਨਾਂ ਦੀ ਭਲਾਈ ਅਤੇ ਉਹਨਾਂ ਦੀ ਆਮਦਨ ਵਧਾਉਣ ਲਈ ਵਚਨਬੱਧ ਹੈ
ਭਗਵੰਤ ਸਿੰਘ ਮਾਨ
ਮੁੱਖ ਮੰਤਰੀ, ਪੰਜਾਬ
ਮੋਹਿੰਦਰ ਭਗਤ
ਬਾਗਬਾਨੀ ਮੰਤਰੀ, ਪੰਜਾਬ
ਸੂਚਨਾ ਤੇ ਲੋਕ ਸੰਪਰਕ ਵਿਭਾਗ, ਪੰਜਾਬ
PunjabGovtIndia
PbGovtIndia


ਪੰਜਾਬ ਸਰਕਾਰ ਲਾਡੋਵਾਲ ਵਿਖੇ
ਉੱਨਤ ਬਾਗਬਾਨੀ ਤਕਨਾਲੋਜੀ ਵਿਕਾਸ ਕੇਂਦਰ
ਸਥਾਪਤ ਕਰੇਗੀ
ਬਾਗਬਾਨੀ ਮੰਤਰੀ ਮੋਹਿੰਦਰ ਭਗਤ ਵੱਲੋਂ
ਰਾਜ ਪੱਧਰੀ ਸੈਮੀਨਾਰ-ਕਮ-ਪ੍ਰਦਰਸ਼ਨੀ ਦਾ ਉਦਘਾਟਨ
ਕੀਤਾ ਗਿਆ
ਭਗਵੰਤ ਸਿੰਘ ਮਾਨ
ਮੁੱਖ ਮੰਤਰੀ, ਪੰਜਾਬ
ਮੋਹਿੰਦਰ ਭਗਤ
ਬਾਗਬਾਨੀ ਮੰਤਰੀ, ਪੰਜਾਬ
ਸੂਚਨਾ ਤੇ ਲੋਕ ਸੰਪਰਕ ਵਿਭਾਗ, ਪੰਜਾਬ
PunjabGovtIndia
PbGovtIndia

# ਬਾਗਬਾਨੀ ਸਰਗਰਮੀਆਂ



ਮਿਤੀ 3-12-25 ਨੂੰ ਮਾਣਯੋਗ ਬਾਗਬਾਨੀ ਮੰਤਰੀ ਸ੍ਰੀ. ਮੋਹਿੰਦਰ ਭਗਤ ਜੀ ਵੱਲੋ ਜਿਲਾਂ ਲੁਧਿਆਨਾ ਦੇ ਲਾਡੋਵਾਲ ਵਿਖੇ ਬਾਗਬਾਨੀ ਸਬੰਧੀ ਸੂਬਾ ਪੱਧਰੀ ਸੈਮੀਨਾਰ-ਕਮ- ਪ੍ਰਦਰਸ਼ਨੀ ਦਾ ਉਤਘਾਟਨ ਕੀਤਾ ਗਿਆ। ਇਸ ਮੌਕੇ ਉਹਨਾਂ ਨੇ ਐਲਾਨ ਕੀਤਾ ਕਿ ਸੂਬਾ ਸਰਕਾਰ ਲਾਡੋਵਾਲ ਵਿੱਚ ਅਤਿ-ਆਧੁਨਿਕ ਬਾਗਬਾਨੀ ਤਕਨਾਲੋਜੀ ਖੋਜ ਕੇਂਦਰ ਸਥਾਪਿਤ ਕਰੇਗੀ। ਉਹਨਾਂ ਮੌਕੇ ਤੇ ਸਾਰੇ ਕਿਸਾਨਾਂ ਦੀਆਂ ਸਮੱਸਿਆਵਾਂ ਨੂੰ ਨਿੱਜੀ ਤੌਰ ਤੇ ਸੁਣਿਆ ਅਤੇ ਮੌਕੇ ਤੇ ਸਾਰੀਆਂ ਸਮੱਸਿਆਵਾਂ ਦੇ ਹੱਲ ਕਰਨ ਲਈ ਅਧਿਕਾਰੀਆ ਨੂੰ ਨਿਰਦੇਸ਼ ਦਿੱਤੇ।ਉਹਨਾਂ ਲਾਡੋਵਾਲ ਕੇਂਦਰ ਵਿੱਚ ਸਾਰੇ ਸਟਾਲਾਂ ਅਤੇ ਆਉਣ ਵਾਲੇ ਬੁਨਿਆਂਦੀ ਢਾਂਚੇ ਦੇ ਯੂਨਿਟਾਂ ਦਾ ਵੀ ਨਿਰੀਖਣ ਕੀਤਾ।ਇਸ ਸੈਮੀਨਾਰ ਦੌਰਾਨ ਡਾਇਰੈਕਟਰ ਬਾਗਬਾਨੀ ਸ੍ਰੀਮਤੀ. ਸ਼ੈਲਿੰਦਰ ਕੌਰ ਨੇ ਕਿਹਾ ਕਿ ਬਾਗਬਾਨੀ ਵਿਭਾਗ ਕਿਸਾਨਾਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜਾਂ ਹੈ।




ਮਿਤੀ 8-12-25 ਨੂੰ ਬਾਗਬਾਨੀ ਵਿਭਾਗ ਪਟਿਆਲਾ ਦੀ ਟੀਮ ਵੱਲੋ ਸ਼ੇਰਗਿੱਲ ਫਾਰਮ ਮੰਜਾਲੀ ਖੁਰਦ, ਜਿਲਾਂ ਪਟਿਆਲਾ ਦਾ ਦੌਰਾ ਕੀਤਾ ਗਿਆ।




ਮਿਤੀ 10-12-25 ਨੂੰ ਪਿੰਡ- ਦਿਆਲਪੁਰ, ਜਿਲਾਂ-ਸੰਗਰੂਰ ਵਿਖੇ ਬਾਗਬਾਨੀ ਵਿਕਾਸ ਅਫਸਰ ਡਾ. ਕੁਲਵਿੰਦਰ ਸਿੰਘ ਵੱਲੋ ਢੀਂਗਰੀ ਖੁੰਬ ਸਬੰਧੀ ਟ੍ਰੇਨਿਗ ਕੈਪ ਲਗਾਇਆ ਗਿਆ।



ਜਿਲ੍ਹਾ ਹੁਸ਼ਿਆਰਪੁਰ ਦੇ ਬਲਾਕ ਹਾਜੀਪੁਰ ਅਧੀਨ ਪਿੰਡ ਨਿੱਕੂ ਚੱਕ ਵਿਖੇ ਮਿਤੀ 11-12-2025 ਨੂੰ ਮਾਨਯੋਗ ਬਾਗਬਾਨੀ ਮੰਤਰੀ ਪੰਜਾਬ ਸ਼੍ਰੀ ਮੋਹਿੰਦਰ ਭਗਤ ਜੀ ਅਤੇ ਡਾਇਰੈਕਟਰ ਬਾਗਬਾਨੀ ਪੰਜਾਬ ਸ਼੍ਰੀਮਤੀ ਸ਼ਲਿੰਦਰ ਕੌਰ ਜੀ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਬਾਗਬਾਨੀ ਜਾਗਰੂਕਤਾ ਕੈਂਪ ਆਯੋਜਿਤ ਕੀਤਾ ਗਿਆ। ਕੈਂਪ ਦਾ ਮੁੱਖ ਉਦੇਸ਼ ਕਿਸਾਨਾਂ ਨੂੰ ਫਲ, ਸਬਜ਼ੀ ਅਤੇ ਫੁੱਲਾਂ ਦੀ ਮਾਡਰਨ ਖੇਤੀ ਵੱਲ ਪ੍ਰੇਰਿਤ ਕਰਨਾ ਅਤੇ ਫਸਲੀ ਵਿਭਿੰਨਤਾ ਰਾਹੀਂ ਆਮਦਨ ਵਧਾਉਣਾ ਸੀ। ਇਸ ਕੈਂਪ ਦੌਰਾਨ ਬਾਗਬਾਨੀ ਵਿਭਾਗ, ਖੇਤੀਬਾੜੀ ਵਿਭਾਗ ਦੇ ਅਧਿਕਾਰੀਆਂ ਅਤੇ ਫਲ ਖੋਜ ਕੇਂਦਰ ਗੰਗੀਆਂ ਦੇ ਮਾਹਿਰਾਂ ਵੱਲੋਂ ਸਰਕਾਰੀ ਸਕੀਮਾਂ, ਮਾਈਕ੍ਰੋ-ਇਰੀਗੇਸ਼ਨ, ਮਿੱਟੀ ਪਰਖ, ਸੰਤੁਲਿਤ ਖਾਦ ਪ੍ਰਬੰਧਨ, ਜੈਵਿਕ ਖੇਤੀ ਅਤੇ ਕਿਚਨ ਗਾਰਡਨ ਦੀ ਮਹੱਤਤਾ ਬਾਰੇ ਜਾਣਕਾਰੀ ਦਿੱਤੀ ਗਈ। ਅੰਤ ਵਿੱਚ ਕਿਸਾਨਾਂ ਨੂੰ ਤੁਪਕਾ ਸਿੰਚਾਈ ਸਿੰਚਾਈ ਅਪਣਾਉਣ ਲਈ ਪ੍ਰੇਰਿਤ ਕੀਤਾ ਗਿਆ। ਕੈਂਪ ਵਿੱਚ ਪਿੰਡ ਪੰਚਾਇਤ ਅਤੇ ਆਸ-ਪਾਸ ਦੇ ਇਲਾਕਿਆਂ ਦੇ ਕਿਸਾਨਾਂ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ।

# ਬਾਗਬਾਨੀ ਸਰਗਰਮੀਆਂ




ਜਿਲ੍ਹਾ ਹੁਸ਼ਿਆਰਪੁਰ: ਮਾਨਯੋਗ ਬਾਗਬਾਨੀ ਮੰਤਰੀ ਪੰਜਾਬ ਸ਼੍ਰੀ ਮੋਹਿੰਦਰ ਭਗਤ ਜੀ ਅਤੇ ਡਾਇਰੈਕਟਰ ਬਾਗਬਾਨੀ ਪੰਜਾਬ ਸ਼੍ਰੀਮਤੀ ਸ਼ਲਿੰਦਰ ਕੌਰ ਜੀ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਬਾਗਬਾਨੀ ਵਿਭਾਗ ਹੁਸ਼ਿਆਰਪੁਰ ਵੱਲੋਂ ਮਿਤੀ 11-12-2025 ਨੂੰ ਬਲਾਕ ਭੂੰਗਾ ਦੇ ਪਿੰਡ ਗੜ੍ਹਦੀਵਾਲਾ ਵਿਖੇ ਬਾਗਬਾਨੀ ਸਬੰਧੀ ਕੈਂਪ ਆਯੋਜਿਤ ਕੀਤਾ ਗਿਆ। ਕੈਂਪ ਸਾਬਕਾ ਖੇਤੀਬਾੜੀ ਵਿਕਾਸ ਅਫਸਰ ਸ਼੍ਰੀ ਨਿਰਮਲ ਸਿੰਘ ਦੇ ਖੇਤਾਂ ਵਿੱਚ ਲਗਾਇਆ ਗਿਆ।

ਕੈਂਪ ਦੌਰਾਨ ਡਾ. ਦੀਪਕ ਸ਼ਰਮਾ ਨੇ ਕਿਸਾਨਾਂ ਨੂੰ ਸਿਟਰਸ ਐਸਟੇਟ ਭੂੰਗਾ (ਹਰਿਆਣਾ) ਦੀਆਂ ਵੱਖ-ਵੱਖ ਸਹੂਲਤਾਂ ਬਾਰੇ ਜਾਣੂ ਕਰਵਾਇਆ। ਡਾ. ਕਰਨਵੀਰ ਕੌਰ ਨੇ ਮਿੱਟੀ, ਪੱਤੇ ਅਤੇ ਪਾਣੀ ਦੀ ਟੈਸਟਿੰਗ ਦੀ ਮਹੱਤਤਾ ਦੱਸਦਿਆਂ ਸਲਾਹ ਦਿੱਤੀ ਕਿ ਕਿਸਾਨ ਖਾਦਾਂ ਅਤੇ ਫ਼ਸਲ ਦੀ ਚੋਣ ਟੈਸਟ ਰਿਪੋਰਟ ਆਧਾਰਿਤ ਹੀ ਕਰਨ। ਡਾ. ਲਖਬੀਰ ਸਿੰਘ, ਬਾਗਬਾਨੀ ਵਿਕਾਸ ਅਫਸਰ ਭੂੰਗਾ ਨੇ ਆੜੂ, ਨਾਖ ਅਤੇ ਅਲੂਚੇ ਦੇ ਬਾਗਾਂ ਲਈ ਲੇ-ਆਉਟ ਅਤੇ ਬੂਟੇ ਬੁੱਕਿੰਗ ਲਈ ਸਰਕਾਰੀ ਨਰਸਰੀ ਨਾਲ ਸੰਪਰਕ ਕਰਨ ਦੀ ਅਪੀਲ ਕੀਤੀ। ਇਸ ਤੋਂ ਇਲਾਵਾ ਸ਼੍ਰੀ ਰਛਪਾਲ ਸਿੰਘ ਸਹੋਤਾ ਤੇ ਸ਼੍ਰੀ ਸੁਭਾਸ਼ ਚੰਦਰ ਗੁਪਤਾ ਨੇ ਬਾਗਬਾਨੀ ਵਿਭਾਗ ਵੱਲੋਂ ਦਿੱਤੀਆਂ ਸਹੂਲਤਾਂ ਅਤੇ ਸਬਸਿਡੀਆਂ ਬਾਰੇ ਜਾਣਕਾਰੀ ਸਾਂਝੀ ਕੀਤੀ ਅਤੇ ਅੰਤ ਵਿੱਚ ਸਹਾਇਕ ਡਾਇਰੈਕਟਰ ਬਾਗਬਾਨੀ ਡਾ. ਜਸਪਾਲ ਸਿੰਘ ਢੇਰੀ ਨੇ ਕਿਸਾਨਾਂ ਨੂੰ ਕੁਦਰਤੀ ਖੇਤੀ ਅਪਣਾਉਣ ਦੀ ਅਪੀਲ ਕਰਦੇ ਹੋਏ ਕਿਹਾ ਕਿ ਡੀ.ਏ.ਪੀ. ਅਤੇ ਯੂਰੀਆ ਦੀ ਬਜਾਏ ਦੇਸੀ ਰੂੜੀ, ਪਰਾਲੀ ਵਾਲੀ ਖਾਦ ਅਤੇ ਬਾਇਓਫਰਟੀਲਾਈਜ਼ਰ ਦੀ ਵਰਤੋਂ ਨਾਲ ਖਰਚਾ ਘਟੇਗਾ ਤੇ ਆਮਦਨ ਵਧੇਗੀ। ਸ਼੍ਰੀ ਨਿਰਮਲ ਸਿੰਘ ਨੇ ਸਮੂਹ ਕਿਸਾਨਾਂ ਦਾ ਧੰਨਵਾਦ ਕੀਤਾ।



ਮਿਤੀ 15-12-2025 ਨੂੰ ਦੂਰਦਰਸ਼ਨ ਕੇਂਦਰ ਜਲੰਧਰ ਦੇ "ਮੇਰਾ ਪਿੰਡ ਮੇਰੇ ਖੇਤ " ਪ੍ਰੋਗਰਾਮ ਵਿੱਚ ਪੁਰਾਣੇ ਬਾਗਾਂ ਦੀ ਸਾਂਭ-ਸੰਭਾਲ ਅਤੇ ਨਵੇਂ ਬਾਗਾਂ ਦੀ ਵਿਉਂਤਬੰਦੀ ਸਬੰਧੀ ਸ਼੍ਰੀ ਜਸਪਾਲ ਸਿੰਘ ਢਿੱਲੋਂ ਸਹਾਇਕ ਡਾਇਰੈਕਟਰ ਬਾਗਬਾਨੀ ਤਰਨ ਤਾਰਨ ਵੱਲੋਂ ਜਾਣਕਾਰੀ ਦਿੱਤੀ ਗਈ ।




ਜ਼ਿਲ੍ਹਾ ਹੁਸ਼ਿਆਰਪੁਰ: ਮਿਤੀ 16-12-2025 ਨੂੰ ਕ੍ਰਿਸ਼ੀ ਅਤੇ ਕਿਸਾਨ ਕਲਿਆਣ ਮੰਤਰਾਲਾ, ਭਾਰਤ ਸਰਕਾਰ ਅਤੇ ਦੂਰਦਰਸ਼ਨ ਕਿਸਾਨ (DD Kisan), ਨਵੀਂ ਦਿੱਲੀ ਦੇ ਸਹਿਯੋਗ ਨਾਲ ਪੰਜਾਬ ਰਾਜ ਵਿੱਚ ਖੁੰਬਾਂ ਦੀ ਕਾਸ਼ਤ ਸਬੰਧੀ ਇੱਕ ਵਿਸ਼ੇਸ ਡਾਕੂਮੈਂਟਰੀ ਤਿਆਰ ਕੀਤੀ ਗਈ। ਇਸ ਡਾਕੂਮੈਂਟਰੀ ਰਾਹੀਂ ਡਾ ਲਖਬੀਰ ਸਿੰਘ ਬਾਗਬਾਨੀ ਵਿਕਾਸ ਅਫਸਰ, ਭੂੰਗਾ ਜੀ ਵਲੋਂ ਬਾਗਬਾਨੀ ਵਿਭਾਗ, ਪੰਜਾਬ ਵੱਲੋਂ ਖੁੰਬਾਂ ਦੀ ਕਾਸ਼ਤ ਦੇ ਪ੍ਰਚਾਰ ਅਤੇ ਵਿਕਾਸ ਲਈ ਕੀਤੇ ਜਾ ਰਹੇ ਵਿਸ਼ੇਸ਼ ਉਪਰਾਲਿਆਂ ਦੇ ਨਾਲ-ਨਾਲ ਕਿਸਾਨਾਂ ਨੂੰ ਮੁਹੱਈਆ ਕਰਵਾਈਆਂ ਜਾ ਰਹੀਆਂ ਤਕਨੀਕੀ ਅਤੇ ਵਿੱਤੀ ਸਹੂਲਤਾਂ ਬਾਰੇ ਜਾਣਕਾਰੀ ਦਿੱਤੀ ਗਈ।



ਮਿਤੀ 8-12-25 ਅਤੇ 9-12-25 ਨੂੰ JPGA ਵਲੋ ਦਾਣਾ ਮੰਡੀ ਨਕੋਦਰ ਵਿਖੇ ਬਾਗਬਾਨੀ ਵਿਭਾਗ ਵੱਲੋ ਬਾਗਬਾਨੀ ਗਤੀਵਿਧੀਆਂ ਨੂੰ ਦਰਸਾਉਂਦੀ ਸਟਾਲ ਲਗਾਈ ਗਈ। ਅਤੇ ਸੰਤ ਬਲਵੀਰ ਸਿੰਘ ਸੀਚੇਵਾਲ ਜੀ ਵੱਲੋ ਸਟਾਲ ਦਾ ਦੌਰਾ ਕੀਤਾ ਗਿਆ।ਅਤੇ ਵਿਭਾਗ ਵੱਲੋ ਉਥੇ ਪਹੁੰਚੇ ਕਿਸਾਨਾਂ ਨੂੰ ਬਾਗਬਾਨੀ ਵਿਭਾਗ ਵੱਲੋ ਚੱਲ ਰਹੀਆਂ ਸਬਸਿਡੀ ਸਕੀਮਾਂ ਬਾਰੇ ਜਾਣੂ ਕਰਵਾਇਆ ਗਿਆ।

# ਬਾਗਬਾਨੀ ਸਰਗਰਮੀਆਂ



ਮਿਤੀ 16-12-25 ਨੂੰ "India Paryavaran Sahayak foundation" ਦੇ ਸਹਿਯੋਗ ਨਾਲ ਬਾਗਬਾਨੀ ਵਿਭਾਗ ਬਲਾਕ-ਸਮਾਣਾ ਜਿਲਾਂ- ਪਟਿਆਲਾ ਵੱਲੋ ਪਿੰਡ- ਫਤਿਹਗੜ ਚੰਨਾ ਵਿਖੇ ਬਾਗਬਾਨੀ ਸਬੰਧਤ ਫਸਲਾਂ ਸਬੰਧੀ ਫੀਲਡ ਡੇ ਲਗਾਇਆ ਗਿਆ।



ਮਿਤੀ 19-12-25 ਨੂੰ ਖੇਤੀਬਾੜੀ ਜਿਲਾਂ ਪੱਧਰੀ ਕੈਪ ਵਿੱਚ ਬਾਗਬਾਨੀ ਵਿਭਾਗ ਸੰਗਰੂਰ ਵੱਲੋ ਬਾਗਬਾਨੀ ਗਤੀਵਿਧੀਆਂ ਨੂੰ ਦਰਸਾਉਂਦੀ ਸਟਾਲ ਲਗਾਈ ਗਈ। ਅਤੇ ਮਾਣਯੋਗ ਡਿਪਟੀ ਕਮਿਸ਼ਨਰ ਸ਼ੰਗਰੂਰ ਅਤੇ ਚੇਅਰਮੈਨ ਦਲਵੀਰ ਸਿੰਘ ਜੀ ਵੱਲੋ ਸਟਾਲ ਦਾ ਦੌਰਾ ਕੀਤਾ ਗਿਆ।ਅਤੇ ਵਿਭਾਗ ਵੱਲੋ ਉਥੇ ਪਹੁੰਚੇ ਕਿਸਾਨਾਂ ਨੂੰ ਬਾਗਬਾਨੀ ਵਿਭਾਗ ਵੱਲੋ ਚੱਲ ਰਹੀਆਂ ਸਬਸਿਡੀ ਸਕੀਮਾਂ ਬਾਰੇ ਜਾਣੂ ਕਰਵਾਇਆ ਗਿਆ।




ਮਿਤੀ 19-12-25 ਨੂੰ ਡਾ. ਅਮਰਿੰਦਰ ਸਿੰਘ ਬਾਗਬਾਨੀ ਵਿਕਾਸ ਅਫਸਰ ਪਟਿਆਲਾ ਵੱਲੋ ਪਿੰਡ- ਖੇੜੀ ਮੱਲਾ, ਪਟਿਆਲਾ ਵਿਖੇ 10 ਏਕੜ ਗੇਂਦੇ ਦੇ ਖੇਤ ਦਾ ਦੌਰਾ ਕੀਤਾ ਗਿਆ।




ਮਿਤੀ 19-12-25 ਨੂੰ ਅੰਬੁਜਾ ਫਾਊਡੇਸ਼ਨ ਦੇ ਸਹਿਯੋਗ ਨਾਲ ਬਾਗਬਾਨੀ ਵਿਭਾਗ ਬਠਿੰਡਾ ਵੱਲੋ ਢੀਗਰੀ ਖੁੰਬ ਸਬੰਧੀ ਟ੍ਰੇਨਿੰਗ ਕੈਂਪ ਲਗਾਇਆ ਗਿਆ ਅਤੇ ਕਿਸਾਨਾਂ ਨੂੰ ਵਿਭਾਗੀ ਸਕੀਮਾਂ ਬਾਰੇ ਜਾਣਕਾਰੀ ਦਿੱਤੀ ਗਈ।

# ਬਾਗਬਾਨੀ ਸਰਗਰਮੀਆਂ



ਮਿਤੀ 23-12-25 ਨੂੰ Mr. Fares Saeb Dy.Chief of Mission Embassy of Israel New Delih ਵੱਲੋ ਸੈਂਟਰ ਆਫ ਐਕਸੀਲੈਂਸ ਫਾਰ ਵੇਜੀਟੇਬਲਜ, ਕਰਤਾਰਪੁਰ ਦਾ ਦੌਰਾ ਕੀਤਾ ਗਿਆ।ਅਤੇ ਉਹਨਾਂ ਵੱਲੋ ਤਿੰਨ ਦਿੰਨਾ ਟ੍ਰੇਨਿੰਗ ਦੌਰਾਨ ਕਿਸਾਨਾਂ ਨਾਲ ਗੱਲਬਾਤ ਕੀਤੀ ਗਈ।




ਮਿਤੀ 23-12-2025 ਨੂੰ ਬਲਾਕ ਭੂੰਗਾ ਦੇ ਪਿੰਡ ਕੂੰਟਾ ਵਿਖੇ ਪੱਤਝੜ ਫਲਦਾਰ ਬੂਟਿਆਂ ਦੀ ਕਾਂਟ ਛਾਂਟ ਸਬੰਧੀ ਵਿਸ਼ੇਸ਼ ਟ੍ਰੇਨਿੰਗ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਇਲਾਕੇ ਦੇ ਬਾਗਬਾਨਾਂ ਵੱਲੋਂ ਸ਼ਿਰਕਤ ਕੀਤੀ ਗਈ। ਇਸ ਮੌਕੇ ਬਾਗਬਾਨੀ ਵਿਭਾਗ ਜਿਲਾ ਹੁਸ਼ਿਆਰਪੁਰ ਤੋਂ ਸ਼੍ਰੀ ਲਖਬੀਰ ਸਿੰਘ, ਬਾਗਬਾਨੀ ਵਿਕਾਸ ਅਫਸਰ, ਭੂੰਗਾ, ਸ਼੍ਰੀ ਦੀਪਕ ਸ਼ਰਮਾ ਬਾਗਬਾਨੀ ਤਕਨੀਕੀ ਸਹਾਇਕ, ਸਿਟਰਸ ਸਟੇਟ ਭੂੰਗਾ ਅਤੇ ਫਲ ਖੋਜ ਕੇਂਦਰ ਗੰਗਿਆ ਦੇ ਮਾਹਿਰ ਡਾ ਇੰਦਰਾ ਪਟੇਲ, ਡਾ ਰਾਕੇਸ਼ ਸ਼ਰਮਾ ਜੀ ਵੱਲੋਂ ਬਾਗਾਂ ਵਿੱਚ ਕਾਂਟ ਛਾਂਟ ਕਰਨ ਦੀ ਵਿਧੀ ਸਿਖਾਉਂਦੇ ਹੋਏ ਅਤੇ ਉਸਦੇ ਲਾਭ ਸਬੰਧੀ ਜਾਣਕਾਰੀ ਦਿੱਤੀ ਗਈ ਅਤੇ ਸਮੂਹ ਕਿਸਾਨਾਂ ਨੂੰ ਮਿੱਟੀ ਪਰਖ ਅਨੁਸਾਰ ਖਾਦ ਪਾਉਣ ਲਈ ਪ੍ਰੇਰਿਤ ਕੀਤਾ ਗਿਆ।




ਮਿਤੀ 24-12-25 ਨੂੰ ਕੇ.ਵੀ.ਕੇ ਬਠਿੰਡਾ ਵਿਖੇ ਟ੍ਰੇਨਿਗ ਕੈਂਪ ਦੌਰਾਨ ਢੀਗਰੀ ਖੁੰਬ ਸਬੰਧੀ ਅਤੇ ਵਿਭਾਗੀ ਸਕੀਮਾਂ ਬਾਰੇ ਜਾਣਕਾਰੀ ਦਿੱਤੀ ਗਈ।



ਮਿਤੀ 30-12-2025 ਨੂੰ ਹਰਿਆਣਾ ਰਾਜ ਦੇ ਜਿਲ੍ਹਾ ਮਹਿੰਦਰਗੜ੍ਹ ਵਿਖੇ ਸਥਿਤ ਇੰਟੀਗਰੇਟਡ ਹਾਰਟੀਕਲਚਰ ਡਵਲੈਪਮੈਂਟ ਸੈਂਟਰ, ਸੁੰਦਰਾਹ ਵਿਖੇ ਜਿਲ੍ਹਾ ਹੁਸ਼ਿਆਰਪੁਰ ਦੇ ਅਗਾਂਹਵਧੂ ਕਿਸਾਨਾਂ ਨੂੰ ਦੌਰਾ ਕਰਵਾਇਆ ਗਿਆ। ਇਸ ਅੰਤਰਰਾਜੀ ਦੌਰੇ ਦਾ ਮੁੱਖ ਉਦੇਸ਼ ਉਕਤ ਸੈਂਟਰ ਵਿਖੇ ਅਪਣਾਈਆਂ ਜਾ ਰਹੀਆਂ ਆਧੁਨਿਕ ਅਤੇ ਵਿਗਿਆਨਕ ਬਾਗਬਾਨੀ ਤਕਨੀਕਾਂ ਨਾਲ ਜਾਣੂ ਕਰਵਾਉਣਾ ਸੀ। ਇਸ ਦੌਰਾਨ ਜਿਲ੍ਹਾ ਹੁਸ਼ਿਆਰਪੁਰ ਦੇ ਕਿਸਾਨਾਂ ਨੂੰ ਫਲਾਂ, ਸਬਜ਼ੀਆਂ ਅਤੇ ਹੋਰ ਬਾਗਬਾਨੀ ਫਸਲਾਂ ਦੇ ਉਤਪਾਦਨ, ਸਬਜ਼ੀਆਂ ਦੀ ਨਰਸਰੀ ਤਿਆਰ ਕਰਨ ਸਬੰਧੀ ਜਾਣਕਾਰੀ, ਪਾਣੀ ਦੀ ਸਮਰੱਥ ਵਰਤੋਂ, ਸੁਰੱਖਿਅਤ ਖੇਤੀ ਆਦਿ ਬਾਰੇ ਜਾਣਕਾਰੀ ਮੁਹਈਆ ਕਰਵਾਈ ਗਈ। ਇਹ ਦੌਰਾ ਇਲਾਕੇ ਕਿਸਾਨਾਂ ਵਿੱਚ ਫਸਲੀ ਵਿਭਿੰਨਤਾ, ਆਮਦਨ ਵਧਾਉਣ ਵਾਲੀਆਂ ਤਕਨੀਕਾਂ ਅਤੇ ਖੁੱਦ-ਮੰਡੀਕਰਨ ਸਬੰਧੀ ਬਾਗਬਾਨੀ ਨੂੰ ਪ੍ਰੋਤਸਾਹਿਤ ਕਰਦਾ ਹੈ, ਤਾਂ ਜੋ ਉਹ ਹੋਰ ਰਾਜਾਂ ਦੇ ਸਫਲ ਮਾਡਲਾਂ ਤੋਂ ਪ੍ਰੇਰਨਾ ਲੈ ਕੇ ਆਪਣੀ ਖੇਤੀ ਵਿੱਚ ਨਵੀਆਂ ਤਕਨੀਕਾਂ ਅਪਣਾਉਣ ਅਤੇ ਆਪਣੀ ਆਮਦਨ ਵਿੱਚ ਵਾਧਾ ਕਰ ਸਕਣ।

# ਬਾਗਬਾਨੀ ਗਿਆਨ

## ਜਨਵਰੀ ਮਹੀਨੇ ਦੇ ਬਾਗਬਾਨੀ ਰੁਝੇਵੇਂ

ਕਿਸਾਨ ਵੀਰੋ ਨਵੇਂ ਵਰ੍ਹੇ 2026 ਦੀਆਂ ਹਾਰਦਿਕ ਮੁਬਾਰਕਾਂ। ਪਰਮਾਤਮਾਂ ਜੀ ਆਪ ਸਬ ਤੇ ਮਿਹਰ ਭਰਿਆ ਹੱਥ ਰੱਖਣ । ਆਓ ਇਸ ਵਰ੍ਹੇ ਕੁਦਰਤੀ ਸੋਮਿਆਂ ਦੀ ਸੰਭਾਲ ਅਤੇ ਪਾਣੀ ਦੀ ਬਚਤ ਦੇ ਉਪਰਾਲਿਆਂ ਨੂੰ ਅਪਣਾਉਂਦੇ ਹੋਏ ਖੇਤੀ ਵਿਭਿੰਨਤਾ ਤਹਿਤ ਬਾਗਬਾਨੀ ਫਸਲਾਂ ਅਧੀਨ ਰਕਬਾ ਵਧਾਈਏ ਅਤੇ ਪੰਜਾਬ ਦੀ ਆਰਥਿਕ ਦਸ਼ਾ ਸੁਧਾਰਨ ਵਿੱਚ ਆਪਣਾ ਯੋਗਦਾਨ ਪਾਈਏ। ਇਹ ਮਹੀਨਾ ਫਲਦਾਰ ਬੂਟਿਆਂ ਲਈ ਕਾਫੀ ਮਹੱਤਵਪੂਰਨ ਹੁੰਦਾ ਹੈ ਕਿਉਂਕਿ ਇਸ ਮਹੀਨੇ ਤਾਪਮਾਨ ਵਿੱਚ ਕਾਫੀ ਗਿਰਾਵਟ ਆ ਜਾਂਦੀ ਹੈ ਅਤੇ ਅਜਿਹੇ ਵਿੱਚ ਫਲਦਾਰ ਬੂਟੇ ਵਿਸ਼ੇਸ਼ ਧਿਆਨ ਮੰਗਦੇ ਹਨ।ਇਸ ਲਈ ਕੋਰੇ ਤੋਂ ਬਚਾਅ ਲਈ ਜੇਕਰ ਪਹਿਲਾਂ ਕੁੱਲੀਆਂ ਬੰਨੀਆਂ ਹਨ ਤਾਂ ਉਨ੍ਹਾਂ ਨੂੰ ਠੀਕ ਕਰ ਲਵੋ ਅਤੇ ਜੇਕਰ ਨਹੀਂ ਬੰਨੀਆਂ ਤਾਂ ਧੁੱਪ ਵਾਲਾ ਪਾਸਾ  ਨੰਗਾ ਰੱਖ ਕੇ ਪਰਾਲੀ ਜਾਂ ਸਰਕੰਡੇ ਨਾਲ ਤੁਰੰਤ ਬੰਨ ਦਿਉ।ਪੱਤਝੜੀ ਫਲਦਾਰ ਬੂਟੇ ਜਿਵੇਂ ਨਾਸ਼ਪਾਤੀ, ਬੱਗੂਗੋਸ਼ਾ, ਆੜੂ, ਅਲੂਚਾ, ਅਨਾਰ, ਅੰਗੂਰ ਅੰਜੀਰ ਅਤੇ ਫਾਲਸਾ ਲਗਾਉਣ ਲਈ ਬਹੁਤ ਹੀ ਢੁਕਵਾਂ ਹੈ ਇਸ ਲਈ ਬਾਗਬਾਨੀ ਵਿਭਾਗ ਜਾਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੀਆਂ ਨਰਸਰੀਆਂ ਤੋਂ ਇਹ ਬੂਟੇ ਲਿਆ ਕੇ ਫੁਟਾਰਾ ਨਿਕਲਣ ਤੋਂ ਪਹਿਲਾਂ ਲਗਾ ਦਿਉ।ਨਾਸ਼ਪਾਤੀ ਦੇ ਬੂਟੇ 25 ਫੁੱਟ, ਬੱਗੂਗੋਸ਼ਾ, ਆੜੂ, ਅੰਜੀਰ ਤੇ ਅਲੂਚਾ 20 ਫੁੱਟ, ਅਨਾਰ ਤੇ ਅੰਗੂਰ 12 ਫੁੱਟ, ਫਾਲਸਾ 5 ਫੁੱਟ ਦੇ ਫਾਸਲੇ ਤੇ ਲਗਾ ਦਿਉ। ਪਹਿਲਾਂ ਤੋਂ ਲਗਾਏ ਹੋਏ ਪੱਤਝੜੀ ਬੂਟਿਆਂ ਦੀ ਕਾਂਟ-ਛਾਂਟ ਕਰਨ ਦਾ ਵੀ ਇਹ ਬਹੁਤ ਹੀ ਢੁੱਕਵਾਂ ਸਮਾਂ ਹੈ, ਇਸ ਲਈ ਇਹ ਕੰਮ ਵੀ ਬਾਗਬਾਨੀ ਮਾਹਿਰ ਦੀ ਸਲਾਹ ਨਾਲ ਫੁਟਾਰਾ ਆਉਣ ਤੋਂ ਪਹਿਲਾਂ ਮੁਕੰਮਲ ਕਰ ਲਵੋ।ਕਾਂਟ-ਛਾਂਟ ਕਰਨ ਨਾਲ ਜਿੱਥੇ ਬੂਟੇ ਦੀ ਦਿੱਖ ਵਧੀਆਂ ਬਣਦੀ ਹੈ ਉਥੇ ਮਿਆਰੀ ਫਲ ਵੀ ਲਗਦਾ ਹੈ।

### ਫਲਦਾਰ ਬੂਟੇ

ਫਲਦਾਰ ਬੂਟੇ ਨੂੰ ਜੇਕਰ ਦੇਸੀ ਰੂੜੀ ਅਤੇ ਰਸਾਇਣਕ ਖਾਦਾਂ ਅਜੇ ਤੱਕ ਨਹੀਂ ਪਾਈਆਂ ਤਾਂ ਸੁਪਰਫਾਸਫੇਟ ਖਾਦ ਅਤੇ ਮਿਊਰੇਟ ਆਫ ਪੋਟਾਸ਼ ਖਾਦਾਂ ਬੂਟੇ ਦੀ ਉਮਰ ਦੇ ਹਿਸਾਬ ਬਾਗਬਾਨੀ ਮਾਹਿਰ ਦੀ ਸਲਾਹ ਨਾਲ ਪਾ ਦਿਉ। ਨਾਈਟਰੋਜਨ ਖਾਦ ਫਰਵਰੀ ਮਹੀਨੇ ਪਾਉਣ ਲਈ ਹੁਣ ਤੋਂ ਹੀ ਪ੍ਰਬੰਧ ਕਰ ਲਵੋ।ਬੇਰ ਦੇ ਬੂਟਿਆਂ ਨੂੰ ਲੋੜ ਅਨੁਸਾਰ ਪਾਣੀ ਦਿਉ ਅਤੇ ਚਿੱਟੇ ਰੋਗ ਦੀ ਰੋਕਥਾਮ ਲਈ 0.5 ਮਿ.ਲਿ. ਕੈਰਾਥੇਨ ਜਾਂ 0.5 ਗ੍ਰਾਮ ਬੈਲੇਟਾਨ ਦਵਾਈ ਪ੍ਰਤੀ ਲਿਟਰ ਪਾਣੀ ਦੇ ਹਿਸਾਬ ਨਾਲ ਬਦਲ ਕੇ ਸਪਰੇ ਕਰੋ। ਬੂਟਿਆਂ ਦੇ ਧੱਬੇ ਅਤੇ ਬਲੈਕ ਮੋਲਡ ਬੀਮਾਰੀ ਦੀ ਰੋਕਥਾਮ ਲਈ 3 ਗ੍ਰਾਮ ਕਾਪਰ ਆਕਸੀਕਲੋਰਾਈਡ ਪ੍ਰਤੀ ਲਿਟਰ ਪਾਣੀ ਦੇ ਹਿਸਾਬ ਸਪਰੇ ਕਰੋ। ਨਿੰਬੂ ਜਾਤੀ ਬੂਟਿਆਂ ਦੇ ਮੁੱਢ ਦੇ ਗਾਲੇ ਗਮੋਸਿਸ ਅਤੇ ਕੰਕਰ ਵਰਗੀਆਂ ਬਿਮਾਰੀਆਂ ਦੀ ਰੋਕਥਾਮ ਲਈ ਬਿਮਾਰੀ ਵਾਲੀਆਂ ਅਤੇ ਸੁੱਕੀਆਂ ਟਾਹਣੀਆਂ ਕੱਟ ਦਿਉ ਅਤੇ ਕੱਟੀ ਥਾਂ ਤੇ ਕਾਪਰ ਆਕਸੀਕਲੋਰਾਈਡ ਦਵਾਈ ਦਾ ਘੋਲ ਬਣਾ ਕੇ ਲਗਾ ਦਿਉ।ਅੰਬਾਂ ਦੇ ਪੁਰਾਣੇ ਤੇ ਉੱਚੇ ਹੋ ਗਏ ਬੂਟਿਆਂ ਨੂੰ ਮੁੜ ਸੁਰਜੀਤ ਕਰਨ ਲਈ  ਇਸ ਮਹੀਨੇ ਦੇ ਪਹਿਲੇ ਹਫਤੇ ਜਮੀਨ ਪੱਧਰ ਤੋਂ 3 ਮੀਟਰ ਦੀ ਉਚਾਈ ਤੱਕ ਬਾਹਰ ਵੱਲ ਜਾਂਦੇ 4-5 ਟਾਹਣ ਛੱਡ ਕੇ ਕੱਟ ਦਿਉ ਅਤੇ ਕੱਟੇ ਹੋਏ ਹਿੱਸਿਆਂ ਤੇ ਬੋਰਡੋ ਪੇਸਟ ਜਾਂ ਕਾਪਰ ਆਕਸੀਕਲੋਰਾਈਡ ਦਾ ਪੇਸਟ ਲਾ ਦਿਉ। ਆੜੂ, ਅਲੂਚਾ ਅੰਬ ਦੇ ਘਟੀਆ ਕਿਸਮ ਦੇ ਬੂਟਿਆਂ ਨੂੰ ਸਿਰੇ ਤੱਕ ਕੱਟ ਦਿਉ ਅਤੇ ਫਰਵਰੀ ਵਿੱਚ ਨਿਕਲੀਆਂ ਸ਼ਾਖਾਵਾਂ ਨੂੰ ਚੰਗੀ ਕਿਸਮ ਦੇ ਬੂਟਿਆਂ ਤੋਂ ਅੱਖ ਲੈ ਕੇ ਪਿਉਂਦ ਕੀਤੀ ਜਾ ਸਕਦੀ ਹੈ।ਕਿੰਨੋ ਅਤੇ ਮਾਲਟੇ ਦੇ ਤਿਆਰ ਫਲਾਂ ਦੀ ਤੁੜਾਈ ਕਰ ਲਉ ਅਤੇ ਧਿਆਨ ਰੱਖੋ ਕਿ ਫਲ ਦੀ ਡੰਡੀ ਬਿਲਕੁੱਲ ਨੇੜੇ ਤੋਂ ਕੱਟੀ ਜਾਵੇ ਤਾਂ ਕਿ ਦੂਸਰੇ ਫਲਾਂ ਨੂੰ ਜਖਮੀ ਨਾ ਕਰੇ।

### ਸਬਜੀਆਂ

ਸਬਜੀਆਂ ਵਿੱਚ ਸਰਦ ਰੁੱਤ ਦੀਆਂ ਸਬਜੀਆਂ ਦੀ ਤੁੜਾਈ ਜਾਰੀ ਰੱਖੋ ਅਤੇ ਕੋਰੇ ਦੇ ਬੁਰੇ ਅਸਰ ਨੂੰ ਘਟਾਉਣ ਲਈ ਹਲਕਾ ਪਾਣੀ ਲਗਾ ਦਿਉ।ਪਿਆਜ ਦੀ ਪਨੀਰੀ ਜੋ ਕਿ 4-6 ਹਫਤੇ ਪੁਰਾਣੀ ਹੋਵੇ ਨੂੰ ਪੁੱਟ ਕੇ ਖੇਤ ਵਿੱਚ ਲਗਾ ਦਿਉ।ਬਿਜਾਈ ਤੋਂ ਪਹਿਲਾਂ 1.25 ਕੁਇੰਟਲ ਰੂੜੀ, 300 ਗ੍ਰਾਮ ਯੂਰੀਆ, 800 ਗ੍ਰਾਮ ਸੁਪਰਫਾਸਫੇਟ ਅਤੇ 250 ਗ੍ਰਾਮ ਪੋਟਾਸ਼ ਖਾਦ ਪ੍ਰਤੀ ਮਰਲਾ ਪਾਉ ਅਤੇ ਮੈਗਟ ਰੋਕਥਾਮ  ਲਈ 25 ਗ੍ਰਾਮ ਬਿਮਟ 10-ਜੀ ਪ੍ਰਤੀ ਮਰਲਾ ਦੇ ਹਿਸਾਬ ਪਾ ਕੇ ਹਲਕਾ ਪਾਣੀ ਲਗਾ ਦਿਉ।

ਮਟਰਾਂ ਦੀ ਫਸਲ ਨੂੰ ਚਿੱਟੇ ਧੂੜੇ ਦੇ ਰੋਗ ਤੋਂ ਬਚਾਅ ਲਈ 0.4 ਮਿ.ਲਿ. ਕੈਰਾਥੇਨ ਦਵਾਈ ਅਤੇ ਜੇਕਰ ਕੁੰਗੀ ਦਾ ਹਮਲਾ ਹੈ ਤਾਂ 2 ਗ੍ਰਾਮ ਇੰਡੋਫਿਲ ਐਮ-45 ਨੂੰ ਪ੍ਰਤੀ ਲਿਟਰ ਪਾਣੀ ਪਾ ਕੇ ਛਿੜਕਾਅ ਕਰੋ।

ਆਲੂ ਦੀ ਫਸਲ ਦੀ ਵੱਧ ਝਾੜ ਲੈਣ ਲਈ ਪੁਟਾਈ 10-12 ਦਿਨ ਆਮ ਨਾਲੋਂ ਲੇਟ ਕਰ ਲਉ ਇਸ ਨਾਲ ਆਲੂ ਨੂੰ ਪ੍ਰਫੁਲਿਤ ਹੋਣ ਵਿੱਚ ਵਧੇਰੇ ਸਮਾਂ ਮਿਲ ਜਾਵੇਗਾ। ਜੇਕਰ ਫਸਲ ਤੇ ਪਿਛੇਤੇ ਝੁਲਸ ਰੋਗ ਦਾ ਹਮਲਾ ਨਜਰ ਆਵੇ ਤਾਂ 2-3 ਗ੍ਰਾਮ ਇੰਡੋਫਿਲ ਐਮ-45 ਜਾਂ ਕਵਚ ਦਵਾਈ ਦਾ ਪ੍ਰਤੀ ਲਿਟਰ ਪਾਣੀ ਪ੍ਰਤੀ ਏਕੜ ਦੇ ਹਿਸਾਬ ਸਪਰੇ ਕਰੋ। ਖਰਬੂਜਾ, ਹਦਵਾਣਾ, ਘੀਆ ਕੱਦੂ ਦੀ ਅਗੇਤੀ ਫਸਲ ਲੈਣ ਲਈ 100 ਗੇਜ ਦੇ ਪਲਾਸਟਿਕ ਦੇ ਲਿਫਾਫੇ 15ਯ10 ਸੈਂਟੀਮੀਟਰ ਆਕਾਰ ਵਿੱਚ ਮਿੱਟੀ, ਰੇਤ, ਦੇਸੀ ਰੂੜੀ ਦੀ ਬਰਾਬਰ ਮਾਤਰਾ ਦੇ ਮਿਸ਼ਰਣ ਭਰ ਕੇ ਇਸ ਵਿੱਚ ਦੋ ਬੀਜ ਲਾ ਕੇ ਫੁਆਰੇ ਨਾਲ ਪਾਣੀ ਲਾ ਦਿਉ। ਲਿਫਾਫੇ ਦੇ ਹੇਠਾਂ ਮੋਰੀ ਕਰ ਦਿਉ ਅਤੇ ਇੰਨ੍ਹਾਂ ਨੂੰ ਕੰਧ ਨੇੜੇ ਧੁੱਪ ਵਾਲੇ ਪਾਸੇ ਰੱਖੋ। ਘਰੇਲੂ ਬਗੀਚੀ ਵਿੱਚ ਗਰਮ ਰੁੱਤ ਦੀਆਂ ਸਬਜੀਆਂ ਦੀ ਬਿਜਾਈ ਲਈ ਕਿਆਰੀਆਂ ਵਿੱਚ ਰਹਿੰਦ-ਖੂੰਹਦ ਕੱਢ ਕੇ ਤਿਆਰੀ ਸ਼ੁਰੂ ਕਰ ਦਿਉ।

## ਫੁੱਲ ਅਤੇ ਸਜਾਵਟੀ ਬੂਟੇ

ਸਜਾਵਟੀ ਬੂਟੇ ਗਮਲਿਆਂ ਵਾਲੇ ਬੂਟੇ ਨੂੰ ਠੰਡ ਤੋਂ ਬਚਾਉਣ ਲਈ ਹਲਕਾ ਪਾਣੀ ਦਿੰਦੇ ਰਹੋ ਅਤੇ ਪਹਿਲਾਂ ਲੱਗੇ ਪੱਤਝੜੀ ਸਜਾਵਟੀ ਰੁੱਖਾਂ ਦੀ ਕਾਂਟ-ਛਾਂਟ ਕਰ ਦਿਉ। ਮੌਸਮੀ ਫੁੱਲਾਂ ਦੀਆਂ ਕਿਆਰੀਆਂ ਵਿੱਚ ਉੱਚੀਆਂ ਕਿਸਮਾਂ ਨੂੰ ਸਹਾਰਾ ਦੇਣ ਲਈ ਕਾਨਿਆਂ ਦੀ ਜਾਂ ਸਿੱਧੀ ਸੋਟੀਆਂ ਦੀ ਵਰਤੋਂ ਕਰੋ। ਗੁਲਦਾਉਦੀ ਦੇ ਚੋਣਵੇਂ ਬੂਟੇ ਜਿੰਨ੍ਹਾਂ ਤੋਂ ਅਗਲੇ ਸਾਲ ਕਲਮਾਂ ਲੈਣੀਆਂ ਹਨ ਉਨ੍ਹਾਂ ਨੂੰ ਜਮੀਨ ਤੋਂ 4-5 ਸੈਂਟੀਮੀਟਰ ਛੱਡ ਕੇ ਕੱਟ ਦਿਉ, ਅਜਿਹਾ ਕਰਨ ਨਾਲ ਵਧੇਰੇ ਫੁਟਾਰਾ ਹੋਵੇਗਾ। ਗਮਲਿਆਂ ਵਾਲੇ ਬੂਟਿਆਂ ਨੂੰ ਸਰਦੀ ਤੋਂ ਬਚਾਉ ਅਤੇ ਕਰੋਟਨ ਵਰਗਿਆਂ ਬੂਟਿਆਂ ਨੂੰ ਵਰਾਂਡੇ ਵਿੱਚ ਰੱਖ ਦਿਉ। ਪੱਤਝੜੀ ਬੂਟੇ ਜਿਵੇਂ ਲੈਗਰਸਟੋਰਮੀਆ ਪਗੋਡਾ, ਯੂਫੇਰਬੀਆ ਆਦਿ ਦਾ ਕਲਮਾਂ ਰਾਹੀਂ ਵਾਧਾ ਕਰਨ ਲਈ ਕਲਮਾਂ ਇਸ ਮਹੀਨੇ ਲਾ ਦਿਉ।

## ਖੁੰਬਾਂ/ਢੀਂਗਰੀ

ਖੁੰਬਾਂ ਦੀ ਕਾਸ਼ਤ ਵੀ ਵਧੀਆ ਸਹਾਇਕ ਧੰਦਾ ਹੈ ਅਤੇ ਇਸ ਦੀ ਕਾਸ਼ਤ ਵੀ ਸਿਖਲਾਈ ਪ੍ਰਾਪਤ ਕਰਕੇ ਕੀਤੀ ਜਾ ਸਕਦੀ ਹੈ। ਜੋ ਪਹਿਲਾਂ ਤੋਂ ਹੀ ਜਾਣਕਾਰੀ ਰੱਖਦੇ ਹਨ ਉਹ ਬਟਨ ਖੁੰਬ ਦੀ ਦੂਜੀ ਫਸਲ ਦੀ ਬਿਜਾਈ ਪਹਿਲੇ ਹਫਤੇ ਕਮਰਿਆਂ ਵਿੱਚ ਕਰ ਲੈਣ। ਜੇਕਰ ਬਿਜਾਈ ਸੈਲਫ/ਪੇਟੀਆਂ ਵਿੱਚ ਕਰਨੀ ਹੋਵੇ ਤਾਂ ਬੀਜੀ ਹੋਈ ਕੰਪੋਸਟ ਨੂੰ ਅਖਬਾਰ ਨਾਲ ਢੱਕ ਕੇ ਹਰ ਰੋਜ ਦੋ ਵਾਰ ਪਾਣੀ ਦਾ ਛਿੜਕਾਅ ਕਰਨ ਦੀ ਲੋੜ ਹੈ। ਸ਼ੁਰੂ ਵਿੱਚ ਬੀਜ ਚੱਲਣ ਸਮੇਂ ਤਾਜੀ ਹਵਾ ਦੇਣ ਦੀ ਲੋੜ ਨਹੀਂ ਅਤੇ ਬਿਜਾਈ ਤੋਂ ਦੋ ਹਫਤੇ ਬਾਅਦ ਕੇਸਿੰਗ ਕਰਨ ਲਈ ਵਰਤੀ ਜਾਣ ਵਾਲੀ ਰੂੜੀ ਖਾਦ ਨੂੰ 4-5% ਫਾਰਮਾਲੀਨ ਦਵਾਈ ਦੇ ਘੋਲ ਨਾਲ ਕਿਟਾਣੂੰ ਰਹਿਤ ਕਰੋ ਅਤੇ ਅਖਬਾਰਾਂ ਲਾਹ ਕੇ ਇਸ ਦੀ ਇੱਕ ਤੋਂ ਡੇਢ ਇੰਚ ਮੋਟੀ ਤਹਿ ਵਿਛਾ ਕੇ ਹਰ ਰੋਜ ਪਾਣੀ ਦਾ ਛਿੜਕਾਅ ਕਰੋ। ਇਸ ਤੋਂ ਇੱਕ ਹਫਤੇ ਬਾਅਦ 4-6 ਘੰਟੇ ਤਾਜੀ ਹਵਾ ਦਿਉ। ਖੁੰਬਾਂ ਦੀ ਕਿਸਮ ਢੀਂਗਰੀ ਦੀ ਬਿਜਾਈ ਵੀ ਬੜੀ ਅਸਾਨੀ ਨਾਲ ਕੀਤੀ ਜਾ ਸਕਦੀ ਹੈ ਅਤੇ ਇਸ ਵਿੱਚ ਖੁਰਾਕੀ ਤੱਤ ਜਿਵੇਂ ਪ੍ਰੋਟੀਨ, ਵਿਟਾਮਿਨ ਕਾਫੀ ਮਾਤਰਾ ਵਿੱਚ ਹੁੰਦੇ ਹਨ। ਇਸ ਲਈ ਇਸ ਦੀ ਬਿਜਾਈ ਵੀ ਪਹਿਲੇ ਹਫਤੇ ਕਰ ਲਉ ਅਤੇ ਪਹਿਲਾਂ ਤੋਂ ਲਗਾਏ ਲਿਫਾਫੇ ਜੇਕਰ 80% ਤੱਕ ਚਿੱਟੇ ਵਿਖਾਈ ਦੇਣ ਤਾਂ ਲਿਫਾਫੇ ਬਲੇਡ ਨਾਲ ਕੱਟ ਕੇ ਵੱਖ ਕਰ ਦਿਉ ਅਤੇ ਤੂੜੀ ਤੇ ਪਾਣੀ ਦਾ ਸਪਰੇ ਦਿਨ ਵਿੱਚ ਇੱਕ ਵਾਰ ਕਰੋ।

## ਸ਼ਹਿਦ ਮੱਖੀਆਂ

ਸ਼ਹਿਦ ਮੱਖੀਆਂ ਦੇ ਬਕਸੇ ਦੀਆਂ ਤਰੇੜਾਂ ਆਦਿ ਗਾਰੇ ਨਾਲ ਚੰਗੀ ਤਰ੍ਹਾਂ ਲਿੱਪ ਦਿਉ ਤਾਂ ਕੇ ਠੰਡ ਤੋਂ ਬਚਾਅ ਹੋ ਸਕੇ। ਜੇਕਰ ਬਕਸੇ ਅਜੇ ਵੀ ਛਾਂ ਵਿੱਚ ਹਨ ਤਾਂ ਧੁੱਪ ਵਿੱਚ ਕਰ ਦਿਉ। ਬੱਦਲਵਾਈ ਅਤੇ ਧੁੰਦ ਦੇ ਦਿਨਾਂ ਵਿੱਚ ਬਕਸਿਆਂ ਵਿੱਚ ਖੁਰਾਕ ਦੀ ਕਮੀ ਆਉਣ ਤੇ ਦੋ ਹਿੱਸੇ ਖੰਡ ਅਤੇ ਇੱਕ ਹਿੱਸਾ ਪਾਣੀ ਦਾ ਘੋਲ ਖੁਰਾਕ ਦੇ ਤੌਰ ਤੇ ਦਿਉ।

## ਸਿਖਲਾਈ ਕੋਰਸ

ਸਕਿੱਲ ਡਿਵੈਲੱਪਮੈਂਟ ਸੈਂਟਰ (ਫੋਨ ਨੰ. 0161-2401960 ਐਕਸਟੈਂਸ਼ਨ 261) ਪੀ.ਏ.ਯੂ. ਲੁਧਿਆਣਾ ਵੱਲੋਂ ਅਤੇ ਆਪਣੇ ਨੇੜੇ ਦੇ ਕ੍ਰਿਸ਼ੀ ਵਿਗਿਆਨ ਕੇਂਦਰ ਨਾਲ ਸੰਪਰਕ ਕਰਕੇ ਸਿਖਲਾਈ ਕੋਰਸਾਂ ਬਾਰੇ ਜਾਣਕਾਰੀ ਲੈ ਸਕਦੇ ਹੋ।